# Telephone conversation between External Affairs Minister and State Councilor & Foreign Minister of China, H.E. Mr. Wang Yi

April 30, 2021

……………………………………………………………………

## ਭਾਰਤੀ ਵਦਿੇਸ਼ ਮੰਤਰੀ ਅਤੇ ਚੀਨੀ ਸਟੇਟ ਕੌਂਸਲਰ ਅਤੇ ਵਦਿੇਸ਼ ਮੰਤਰੀ ਮਹਾਮਹਮਿ ਸ਼੍ਰੀ ਵੈਂਗ ਯੀ ਵਚਿਾਲੇ ਹੋਈ ਟੈਲੀਫੋਨ 'ਤੇ ਗੱਲਬਾਤ

30 ਅਪ੍ਰੈਲ, 2021

ਭਾਰਤੀ ਵਿਦੇਸ਼ ਮੰਤਰੀ ਨੇ ਅੱਜ ਸ਼ਾਮ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਵੈਂਗ ਯੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਇਹ ਗੱਲਬਾਤ ਚੀਨੀ ਪੱਖ ਦੀ ਬੇਨਤੀ ਦੇ ਨਤੀਜੇ ਵਜੋਂ ਇਸ ਸਮੇਂ ਚੀਨ ਵੱਲੋਂ ਹਮਦਰਦੀ ਅਤੇ ਇੱਕਜੁਟਤਾ ਦੀ ਭਾਵਨਾ ਜ਼ਾਹਰ ਕਰਨ ਲਈ ਕਰਾਈ ਗਈ ਸੀ।

ਭਾਰਤੀ ਵਿਦੇਸ਼ ਮੰਤਰੀ ਨੇ ਵਿਦੇਸ਼ ਮੰਤਰੀ ਵੈਂਗ ਯੀ ਦਾ ਉਨ੍ਹਾਂ ਦੀਆਂ ਭਾਵਨਾਵਾਂ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਾਰਤ ਵਿੱਚ COVID -19 ਮਹਾਂਮਾਰੀ ਦੀ ਦੂਜੀ ਲਹਿਰ ਵੱਲੋਂ ਦਰਪੇਸ਼ ਚੁਣੌਤੀ ਦਾ ਮੁਕਾਬਲਾ ਕਰਨ ਲਈ ਚੱਲ ਰਹੇ ਯਤਨਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਕਿਹਾ ਕਿ ਇਸ ਚੁਣੌਤੀ ਨਾਲ ਨਜਿੱਠਣ ਲਈ ਸਰਕਾਰ ਹਰ ਲੋੜੀਂਦਾ ਕੰਮ ਕਰਨ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ।

ਵਿਦੇਸ਼ ਮੰਤਰੀ ਨੇ ਇਸ ਸਬੰਧ ਵਿੱਚ ਇਸ ਗੱਲ 'ਤੇ ਚਾਨਣਾ ਪਾਇਆ ਕਿ ਭਾਰਤੀ ਸੰਸਥਾਵਾਂ ਪਹਿਲਾਂ ਹੀ ਚੀਨੀ ਸਪਲਾਇਰਾਂ ਪਾਸੋਂ ਲੋੜੀਂਦੇ ਉਤਪਾਦਾਂ ਅਤੇ ਕੱਚੇ ਮਾਲ ਦੀ ਵਪਾਰਕ ਖਰੀਦ ਕਰਨ ਦੀ ਪ੍ਰਕਿਰਿਆ ਚਲਾ ਰਹੀਆਂ ਹਨ। ਮੰਤਰੀ ਨੇ ਕਿਹਾ ਕਿ ਇਹ ਪ੍ਰਕਿਰਿਆ ਵੱਖੋ ਵੱਖ ਟ੍ਰਾਂਸਪੋਰਟ ਕੋਰੀਡੋਰ ਅਤੇ ਕਾਰਗੋ ਉਡਾਣਾਂ ਖੁੱਲੀ ਰਹਿਣ ਅਤੇ ਲੋਜਿਸਟਿਕਸ ਸਹਾਇਤਾ ਤੇਜ਼ੀ ਨਾਲ ਯਕੀਨੀ ਬਣਾਏ ਜਾਣ ਹੋਰ ਸੁਖਾਲੀ ਹੋ ਜਾਵੇਗੀ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਗੰਭੀਰ ਚੁਣੌਤੀਆਂ ਜਿਵੇਂ COVID -19 ਮਹਾਂਮਾਰੀ, ਜਿਸ ਨੇ ਸਾਰੇ ਦੇਸ਼ਾਂ ਤੇ ਅਸਰ ਪਾਇਆ ਹੈ, ਨਾਲ ਨਜਿੱਠਣ ਲਈ ਗੰਭੀਰ ਅੰਤਰਰਾਸ਼ਟਰੀ ਸਹਿਯੋਗ ਦੀ ਲੋੜ ਹੈ।

ਵਿਦੇਸ਼ ਮੰਤਰੀ ਵੈਂਗ ਯੀ ਨੇ COVID -19 ਨੂੰ ਮਨੁੱਖ ਜਾਤੀ ਦਾ ਸਾਂਝਾ ਦੁਸ਼ਮਣ ਦੱਸਿਆ ਅਤੇ ਇਸ ਗੱਲ 'ਤੇ ਸਹਿਮਤ ਸਨ ਕਿ ਇਸ ਨੂੰ ਠੋਸ ਹੁੰਗਾਰਾ ਦੇਣ ਲਈ ਤਾਲਮੇਲ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਚੀਨ ਨੇ ਭਾਰਤ ਸਰਕਾਰ ਦੇ ਯਤਨਾਂ ਦੀ ਹਿਮਾਇਤ ਕੀਤੀ ਹੈ ਅਤੇ ਇਹ ਯਕੀਨੀ ਬਣਾਵੇਗੀ ਕਿ ਸਾਰੀ ਲੋੜੀਂਦੀ ਸਮੱਗਰੀ ਬਿਨਾਂ ਕਿਸੇ ਦੇਰੀ ਦੇ ਭਾਰਤੀ ਸੰਸਥਾਵਾਂ ਤੱਕ ਪਹੁੰਚੇ। ਚੀਨੀ ਕੰਪਨੀਆਂ ਨੂੰ ਲੋੜੀਂਆਂ ਸਮੱਗਰੀ ਪ੍ਰਦਾਨ ਕਰਨ ਲਈ ਉਤਸ਼ਾਹ ਅਤੇ ਹਿਮਾਇਤ ਦਿੱਤੀ ਜਾਵੇਗੀ। ਹਵਾਈ ਅੱਡਿਆਂ, ਕਸਟਮਜ਼ ਅਤੇ ਏਅਰਲਾਈਨਾਂ ਨੂੰ ਮਾਲ ਦੀ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਕਰਨ ਦੇ ਨਿਰਦੇਸ਼ ਦਿੱਤੇ ਜਾਣਗੇ. ਭਾਰਤ ਤੋਂ ਚਾਰਟਰਡ ਉਡਾਣਾਂ ਦਾ ਸਵਾਗਤ ਹੈ ਅਤੇ ਭਾਰਤੀ ਪੱਖ ਵੱਲੋਂ ਚੁੱਕੇ ਗਏ ਮਸਲਿਆਂ ਦਾ ਜਲਦੀ ਹੱਲ ਕੀਤਾ ਜਾਵੇਗਾ। ਵਿਦੇਸ਼ ਮੰਤਰੀ ਵੈਂਗ ਯੀ ਨੇ ਚੀਨੀ ਸਰਕਾਰ ਵੱਲੋਂ ਹੋਰ ਕੋਈ ਲੋੜੀਂਦੀ ਢੁਕਵੀਂ ਸਹਾਇਤਾ ਦੀ ਪੇਸ਼ਕਸ਼ ਵੀ ਕੀਤੀ।

ਦੋਵਾਂ ਮੰਤਰੀਆਂ ਨੇ ਪੂਰਬੀ ਲੱਦਾਖ ਵਿਖੇ ਅਸਲ ਕੰਟਰੋਲ ਰੇਖਾ (LAC) ਉੱਤੇ ਸਾਰੇ ਟਕਰਾਅ ਬਿੰਦੂਆਂ ਤੋਂ ਡਿਸਇੰਗੇਜਮੈਂਟ ਸਬੰਧੀ ਬਕਾਇਆ ਮੁੱਦਿਆਂ ਉੱਤੇ ਵੀ ਵਿਚਾਰ ਵਟਾਂਦਰੇ ਕੀਤੇ। ਵਿਦੇਸ਼ ਮੰਤਰੀ ਨੇ ਦੱਸਿਆ ਕਿ ਹਾਲਾਂਕਿ ਡਿਸਇੰਗੇਜਮੈਂਟ ਦੀ ਪ੍ਰਕਿਰਿਆ ਇਸ ਸਾਲ ਦੇ ਸ਼ੁਰੂ ਵਿੱਚ ਸ਼ੁਰੂ ਹੋ ਗਈ ਸੀ, ਪਰ ਇਹ ਅਜੇ ਅਧੂਰੀ ਪਈ ਹੈ। ਉਨ੍ਹਾਂ ਨੇ ਜ਼ੋਰ ਦੇਕੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਇਸ ਪ੍ਰਕਿਰਿਆ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ। ਸਰਹੱਦੀ ਖੇਤਰਾਂ ਵਿਚ ਅਮਨ ਅਤੇ ਸ਼ਾਂਤੀ ਦੀ ਪੂਰਨ ਬਹਾਲੀ ਨਾਲ ਦੁਵੱਲੇ ਸਬੰਧਾਂ ਵਿੱਚ ਤਰੱਕੀ ਹੋਵੇਗੀ. ਦੋਵੇਂ ਮੰਤਰੀ ਇਸ ਮਾਮਲੇ 'ਤੇ ਅਧਿਕਾਰਤ ਪੱਧਰ ਦੀ ਅਗਲੇਰੀ ਗੱਲਬਾਤ ਜਾਰੀ ਰੱਖਣ 'ਤੇ ਸਹਿਮਤ ਹੋਏ।

ਇਸ ਟੈਲੀਫੋਨ ਕਾਲ ਦੀ ਸਮਾਪਤੀ ਭਾਰਤੀ ਪ੍ਰਧਾਨਗੀ ਅਧੀਨ ਨੇੜ ਭਵਿੱਖ ਵਿੱਚ ਹੋਣ ਵਾਲੀਆਂ ਵਿਦੇਸ਼ ਮੰਤਰੀਆਂ ਦੀਆਂ BRICS ਅਤੇ RIC ਬੈਠਕਾਂ ਬਾਰੇ ਇੱਕ ਸੰਖੇਪ ਵਿਚਾਰ ਵਟਾਂਦਰੇ ਨਾਲ ਹੋਈ। ਵਿਦੇਸ਼ ਮੰਤਰੀ ਵਾਂਗ ਯੀ ਨੇ ਇਨ੍ਹਾਂ ਸਮਾਗਮਾਂ ਵਿੱਚ ਆਪਣੀ ਸ਼ਮੂਲੀਅਤ ਦੀ ਤਸਦੀਕ ਕੀਤੀ।

ਨਵੀਂ ਦਿੱਲੀ
30 ਅਪ੍ਰੈਲ, 2021

DISCLAIMER: This is an approximate translation. The original is available in English on MEA’s website and may be referred to as the official press release.